**ਮਿਤੀ 18.2.2014 ਨੂੰ ਮਾਨਯੋਗ ਸ਼੍ਰੀ ਚੁੰਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 12ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 12ਵੀਂ ਮੀਟਿੰਗ ਬੋਰਡ ਦੇ ਚੇਅਰਮੈਨ ਸ਼੍ਰੀ ਚੁੰਨੀ ਲਾਲ ਭਗਤ ਜੀ ਦੀ ਪ੍ਰਧਾਨਗੀ ਹੇਠ ਮਿਤੀ 18.2.2014 ਨੂੰ ਸਮਾਂ 1:00 ਵਜੇ (ਬ.ਦ) ਸਰਕਟ ਹਾਊਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਮੈਂਬਰਾਂ/ਪ੍ਰਤੀਨਿਧਾਂ ਨੇ ਭਾਗ ਲਿਆ:-

| | | |
|---|---|---|
| 1. | ਸ਼੍ਰੀ ਵਿਸ਼ਵਜੀਤ ਖੰਨਾ<br>ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ<br>ਕਿਰਤ ਵਿਭਾਗ | : ਮੈਂਬਰ |
| 2. | ਸ਼੍ਰੀ ਹਰਭੁਪਿੰਦਰ ਸਿੰਘ ਨੰਦਾ,<br>ਆਈ.ਏ.ਐਸ<br>ਕਿਰਤ ਕਮਿਸ਼ਨਰ, ਪੰਜਾਬ | : ਮੈਂਬਰ ਸਕੱਤਰ |
| 3. | ਸ਼੍ਰੀ ਏ.ਕੇ. ਗੋਇਲ<br>ਰੀਜਨਲ ਲੇਬਰ ਕਮਿਸ਼ਨਰ<br>ਭਾਰਤ ਸਰਕਾਰ ਚੰਡੀਗੜ੍ਹ | : ਮੈਂਬਰ |
| 4. | ਸ਼੍ਰੀ ਜੀ.ਐਸ. ਮੌੜ<br>ਡਿਪਟੀ ਡਾਇਰੈਕਟਰ | : ਨੁਮਾਇੰਦਾ,<br>ਪ੍ਰਮੁੱਖ ਸਕੱਤਰ<br>ਪੰਜਾਬ ਸਰਕਾਰ, ਸਮਾਜਿਕ<br>ਸੁਰੱਖਿਆ ਅਤੇ ਇਸਤਰੀ ਤੇ<br>ਬਾਲ ਵਿਕਾਸ ਵਿਭਾਗ, ਚੰਡੀਗੜ੍ਹ |
| 5. | ਸ਼੍ਰੀ ਮਨਮੋਹਨ ਸਿੰਘ<br>ਮੁੱਖ ਇੰਜੀਨੀਅਰ | : ਨੁਮਾਇੰਦਾ,<br>ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ<br>ਸਥਾਨਕ ਸਰਕਾਰ ਵਿਭਾਗ,<br>ਚੰਡੀਗੜ੍ਹ |
| 6. | ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਕੁਲਦੀਪ ਸਿੰਘ<br>ਮੈਸ: ਬਖਸੀਸ਼ ਬਿਲਡਰਜ ਲਿ:<br>ਕੋਠੀ ਨੰ:130, ਫੇਜ 3 ਬੀ-1 ਮੁਹਾਲੀ | : ਮੈਂਬਰ |
| 7. | ਸ਼੍ਰੀ ਰਮੇਸ਼ ਕੁਮਾਰ ਸ਼ਰਮਾ<br>ਮਾਰਫਤ ਹਿਮਾਲਿਆਂ ਬੇਕਰੀ<br>ਢਾਗੂ ਰੋਡ, ਪਠਾਨਕੋਟ | : ਮੈਂਬਰ |
| 8. | ਸ਼੍ਰੀ ਕਰਤਾਰ ਸਿੰਘ ਰਾਠੋਰ,<br>ਭਾਰਤੀਯ ਮਜਦੂਰ ਸੰਘ<br>157, ਨਿਊ ਕਲੋਨੀ, ਗੋਪਾਲ ਨਗਰ<br>ਜਲੰਧਰ | : ਮੈਂਬਰ |
| 9. | ਸ਼੍ਰੀਮਤੀ ਇੰਨੂ ਸਿੰਗਲਾ ਪਤਨੀ ਸ਼੍ਰੀ ਸੁਮੇਸ਼ ਸਿੰਗਲਾ<br>ਮਾਰਫਤ ਅਸ਼ੋਕਾ ਲਾਈਟ ਹਾਊਸ<br>ਪਟਿਆਲਾ ਗੇਟ ਸੰਗਰੂਰ | : ਮੈਂਬਰ |

ਮੀਟਿੰਗ ਦੇ ਅਰੰਭ ਵਿੱਚ ਮੈਂਬਰ ਸਕੱਤਰ ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ ਅਤੇ ਬਾਕੀ ਮੈਂਬਰਾਂ ਨੂੰ "ਜੀ ਆਇਆ" ਆਖਿਆ। ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1** **ਬੋਰਡ ਦੀ 11ਵੀਂ ਮੀਟਿੰਗ ਮਿਤੀ 24.12.2013 ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 24.12.2013 ਨੂੰ ਹੋਈ 11ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2013-14/657-669 ਮਿਤੀ 20.01.2014 ਰਾਹੀਂ ਭੇਜ ਦਿਤੀ ਗਈ ਸੀ, ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਬੋਰਡ ਵਲੋਂ 11ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2** **ਬੋਰਡ ਦੀ 11ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੀ 11ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿਚ ਦਰਸਾਏ ਫੈਸਲਿਆਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ:-

**8ਵੀਂ ਮੀਟਿੰਗ**
**ਆਈਟਮ ਨੰ:2**
**ਪੈਰਾ ਨੰ: (3)**

**ਬੋਰਡ ਦੀਆਂ ਕਿਰਤ ਭਲਾਈ ਸਕੀਮਾ ਦੇ ਦੂਰਦਰਸ਼ਨ ਜਲੰਧਰ ਰਾਹੀਂ ਦਿਤੇ ਜਾ ਰਹੇ ਵਿਗਿਆਪਨ ਬਾਰੇ।**

ਉਸਾਰੀ ਕਿਰਤੀਆਂ ਵਿਚ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਸਬੰਧੀ ਜਾਗ੍ਰਿਤੀ ਲਿਆਉਣ ਲਈ ਬੋਰਡ ਵਲੋਂ ਦੂਰਦਰਸ਼ਨ, ਐਫ.ਐਮ. ਰੇਡੀਓ ਅਤੇ ਆਲ ਇੰਡੀਆ ਰੇਡੀਓ ਅਤੇ ਫਲੈਕਸ ਬੋਰਡਾਂ ਰਾਹੀਂ ਕੀਤੇ ਜਾ ਰਹੇ ਪ੍ਰਚਾਰ ਨਾਲ ਮੈਂਬਰ ਸਾਹਿਬਾਨ ਵਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ। ਇਸ ਮੋਕੇ ਤੇ ਸ੍ਰੀ ਰਮੇਸ਼ ਸ਼ਰਮਾ ਮੈਂਬਰ ਵਲੋਂ ਇਹ ਕਿਹਾ ਗਿਆ ਕਿ ਪਠਾਨਕੋਟ ਵਿਖੇ ਭਲਾਈ ਸਕੀਮਾਂ ਬਾਰੇ ਟੀਨ ਦੇ ਜੋ "ਸੂਚਨਾ ਬੋਰਡ" ਲਗਾਏ ਗਏ ਹਨ, ਉਹ ਪੜ੍ਹਨ ਯੋਗ ਨਹੀਂ ਅਤੇ Eye-level ਤੋਂ ਕਾਫੀ ਉਚਾਈ ਤੇ ਹਨ। ਇਸ ਬਾਰੇ ਮੈਂਬਰ ਸਕੱਤਰ ਵਲੋਂ ਦੱਸਿਆ ਕਿ ਹੁਣ ਟੀਨ ਦੀ ਬਜਾਏ "ਫਲੈਕਸ ਬੋਰਡ" ਹੀ ਲਗਾਏ ਜਾ ਰਹੇ ਹਨ ਅਤੇ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਇਹ ਯੋਗ ਉਚਾਈ ਤੇ ਹੋਣ ਤਾਂ ਜ਼ੋ ਪੜ੍ਹਨ ਵਿੱਚ ਅਸਾਨੀ ਹੋਵੇ। ਇਸ ਨਾਲ ਬੋਰਡ ਵਲੋਂ ਸਹਿਮਤੀ ਦਿਤੀ ਗਈ।

ਇਸ ਮੋਕੇ ਤੇ ਸ੍ਰੀ ਮਨਮੋਹਨ ਸਿੰਘ, ਪ੍ਰਤਿਨਿਧ ਸਥਾਨਕ ਸਰਕਾਰ ਵਿਭਾਗ ਵਲੋਂ ਸੁਝਾ ਦਿਤਾ ਗਿਆ ਕਿ 'ਸਵੀਪਰ ਅਤੇ ਸੀਵਰਮੈਨ' ਨੂੰ ਵੀ 'building & Other Construction Work' ਦੀ ਪਰੀਭਾਸ਼ਾ ਵਿਚ ਸ਼ਾਮਲ ਕਰਕੇ, ਉਨ੍ਹਾਂ ਨੂੰ ਬੋਰਡ ਵਲੋਂ ਬਤੋਰ ਲਾਭਪਾਤਰੀ ਰਜਿਸਟਰ ਕੀਤਾ ਜਾਣਾ ਚਾਹੀਦਾ ਹੈ। ਇਸ ਸਬੰਧੀ ਮੈਂਬਰ ਸਕੱਤਰ ਵਲੋਂ ਸਪਸ਼ਟ ਕੀਤਾ ਗਿਆ ਕਿ ਕਿਰਤੀਆਂ ਦੀ ਕਿਸੇ ਸ਼੍ਰੇਣੀ ਨੂੰ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ 1996 ਦੀ ਧਾਰਾ 2(d) ਅਨੁਸਾਰ 'Building & Other Construction Worker' ਦੀ ਪ੍ਰੀਭਾਸ਼ਾ ਵਿਚ ਸ਼ਾਮਲ ਕਰਨ ਸਬੰਧੀ ਬੋਰਡ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ, ਬਲਕਿ ਇਸ ਸਬੰਧੀ ਕਾਰਵਾਈ ਰਾਜ ਸਰਕਾਰ ਵਲੋਂ ਹੀ ਕੀਤੀ ਜਾ ਸਕਦੀ ਹੈ। ਇਸ ਲਈ ਇਸ ਸਬੰਧੀ ਯੋਗ ਕਾਰਵਾਈ ਕਰਨ ਲਈ ਕਿਰਤ ਕਮਿਸ਼ਨਰ ਪੰਜਾਬ ਨੂੰ ਸਿਫਾਰਸ਼ ਕੀਤੀ ਜਾ ਸਕਦੀ ਹੈ। ਬੋਰਡ ਵਲੋਂ ਮੈਂਬਰ ਸਕੱਤਰ ਦੇ ਸੁਝਾ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

8ਵੀਂ ਮੀਟਿੰਗ ਆਈਟਮ ਨੰ:7 **ਬੋਰਡ ਵਲੋਂ ਲੇਬਰ ਸ਼ੈਡ ਬਨਾਉਂਣ ਸਬੰਧੀ।**

ਬੋਰਡ ਵਲੋਂ ਉਸਾਰੀ ਕਿਰਤੀਆਂ ਲਈ ਲੇਬਰ ਸ਼ੈਡ ਬਨਾਉਣ ਸਬੰਧੀ ਫੈਸਲੇ ਤੇ ਪੁਨਰ-ਵਿਚਾਰ ਕਰਦੇ ਹੋਏ ਇਹ ਫੈਸਲਾ ਲਿਆ ਗਿਆ ਕਿ ਜਮੀਨ ਦੀ ਘਾਟ ਨੂੰ ਮੁੱਖ ਰੱਖਦੇ ਹੋਏ ਮਲਟੀ ਸਟੋਰੀ ਲੇਬਰ ਸ਼ੈਡ ਕਮ-ਨਾਈਟ ਸ਼ੈਲਟਰ ਬਣਾਏ ਜਾਣ ਤਾਂ ਜ਼ੋ ਉਸਾਰੀ ਕਿਰਤੀਆਂ ਨੂੰ ਧੁੱਪ-ਛਾਂ ਦੇ ਬਚਾਓ ਤੋਂ ਕੰਮ ਦੀ ਭਾਲ ਲਈ ਖੜ੍ਹੇ ਹੋਣ ਅਤੇ ਜਿਨ੍ਹਾਂ ਕਿਰਤੀਆਂ ਪਾਸ ਰਹਾਇਸ਼ ਦਾ ਪ੍ਰਬੰਧ ਨਹੀਂ ਉਨ੍ਹਾਂ ਨੂੰ ਰਾਤ ਨੂੰ ਠਹਿਰਨ ਦੀ ਸੁਵਿਧਾ ਮੁੱਹਈਆ ਕਰਵਾਈ ਜਾ ਸਕੇ। ਇਸ ਮੋਕੇ ਤੇ ਸਕੱਤਰ ਬੋਰਡ ਵਲੋਂ ਕਿਹਾ ਗਿਆ ਕਿ ਲੇਬਰ ਸ਼ੈਡਾਂ ਦਾ ਨਕਸ਼ਾ ਅਤੇ ਆਉਣ ਵਾਲਾ ਉਸਾਰੀ ਦਾ ਖਰਚਾ ਜੋ ਪਹਿਲਾਂ ਪ੍ਰਵਾਨ ਕਰਵਾਇਆ ਗਿਆ ਹੈ, ਉਸ ਵਿਚ ਸੋਧ ਕਰਨ ਦੀ ਲੋੜ ਪਵੇਗੀ। ਇਸ ਸਬੰਧ ਵਿਚ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਦਾ ਨਕਸ਼ਾ ਨਵੇਂ ਸਿਰਿਓਂ ਤਿਆਰ ਕਰਵਾਕੇ, ਬੋਰਡ ਵਲੋਂ ਲੇਬਰ ਸ਼ੈਡ ਕਮ-ਨਾਈਟ ਸ਼ੈਲਟਰ ਬਨਾਉਣ ਸਬੰਧੀ ਅਗਲੀ ਕਾਰਵਾਈ ਕੀਤੀ ਜਾਵੇ। ਇਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

11ਵੀਂ ਮੀਟਿੰਗ ਅਜੰਡਾ ਆਈਟਮ ਨੰ:8 **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਲਈ ਪੈਨਸ਼ਨ ਸਕੀਮ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਬੋਰਡ ਵਲੋਂ ਲਾਭਪਾਤਰੀ ਉਸਾਰੀ ਕਿਰਤੀਆਂ ਲਈ 60 ਸਾਲ ਦੀ ਉਮਰ ਪੂਰੀ ਕਰਨ ਤੇ ਐਲ.ਆਈ.ਸੀ ਰਾਹੀਂ ਪੈਨਸ਼ਨ ਚਾਲੂ ਕਰਨ ਨਾਲ ਮੈਂਬਰ ਸਹਿਬਾਨ ਵਲੋਂ ਸੰਤੁਸ਼ਟੀ ਜਾਹਿਰ ਕੀਤੀ ਗਈ। ਇਸ ਮੋਕੇ ਤੇ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਐਲ.ਆਈ.ਸੀ ਦੇ MOU ਵਿਚ ਇਹ ਸ਼ਰਤ ਲਗਾਈ ਗਈ ਹੈ ਕਿ ਐਲ.ਆਈ.ਸੀ ਵਲੋਂ ਉਸਾਰੀ ਕਿਰਤੀਆਂ ਨੂੰ 'ਪੈਨਸ਼ਨ ਮੈਂਬਰਸ਼ਿਪ ਸਰਟੀਫਿਕੇਟ' ਜਾਰੀ ਕੀਤੇ ਜਾਣਗੇ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾ ਦਿਤਾ ਗਿਆ ਕਿ ਇਸ ਸਰਟੀਫਿਕੇਟ ਵਿਚ ਲਾਭਪਾਤਰੀ ਉਸਾਰੀ ਕਿਰਤੀ ਦਾ ਅਧਾਰ ਕਾਰਡ ਨੰਬਰ ਵੀ ਦਰਜ ਕੀਤਾ ਜਾਣਾ ਚਾਹੀਦਾ ਹੈ ਅਤੇ ਜੇਕਰ ਹੁਣ ਲਾਭਪਾਤਰੀਆਂ ਦਾ ਆਧਾਰ ਕਾਰਡ ਉਪਲਬਧ ਨਹੀਂ ਹੈ, ਤਾਂ ਅਗੋਂ ਲਈ ਨਵੀਂ ਰਜਿਸਟ੍ਰੇਸ਼ਨ ਕਰਨ ਅਤੇ ਰਿਨਿਯੂਅਲ ਸਮੇਂ ਕਿਰਤੀ ਤੋਂ ਅਧਾਰ ਕਾਰਡ ਨੰਬਰ ਲੈਣਾਂ ਯਕੀਨੀ ਬਣਾਇਆ ਜਾਵੇ ਤਾਂ ਜ਼ੋ ਐਲ.ਆਈ.ਸੀ ਵਲੋਂ ਭਵਿੱਖ ਵਿਚ ਜਾਰੀ ਕੀਤੇ ਜਾਣ ਵਾਲੇ 'ਪੈਨਸ਼ਨ ਮੈਂਬਰਸ਼ਿਪ ਸਰਟੀਫਿਕੇਟ' ਵਿਚ ਇਸਦਾ ਅੰਦਰਾਜ ਕੀਤਾ ਜਾ ਸਕੇ। ਬੋਰਡ ਵਲੋਂ ਸਰਵਸੰਮਤੀ ਨਾਲ ਇਸ ਬਾਰੇ ਸਹਿਮਤੀ ਦਿਤੀ ਗਈ।

11ਵੀਂ ਮੀਟਿੰਗ **ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੋਕੇ ਤੇ ਉਠਾਏ ਹੋਰ ਮੁੱਦੇ।**

**ਉਸਾਰੀ ਕਿਰਤੀਆਂ ਲਈ ਰਿਹਾਇਸ਼ੀ ਮਕਾਨ ਬਨਾਉਣ ਸਬੰਧੀ ਸਕੀਮ**: -

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਉਸਾਰੀ ਕਿਰਤੀਆਂ ਲਈ ਰਿਹਾਇਸ਼ੀ ਮਕਾਨ ਬਨਾਉਣ ਸਬੰਧੀ ਸਕੀਮ ਤਿਆਰ ਕਰਨ ਲਈ ਬੋਰਡ ਦੇ ਦਫਤਰ ਵਲੋਂ ਕੇਂਦਰ ਸਰਕਾਰ ਦੁਆਰਾ ਚਲਾਈ ਜਾ ਰਹੀ ਇੰਦਰਾ ਆਵਾਸ ਯੋਜਨਾ ਨੂੰ ਘੋਖਿਆ ਗਿਆ ਜਿਸ ਤੋਂ ਪਤਾ ਲੱਗਾ ਕਿ ਇਹ ਸਕੀਮ ਸਮਾਜ ਦੀਆਂ ਕੁਝ ਸ਼੍ਰੇਣੀਆਂ ਵਾਸਤੇ ਹੀ ਹੈ ਅਤੇ ਕੇਵਲ ਪੇਂਡੂ ਏਰੀਆ ਵਿੱਚ ਰਿਹਾਇਸ਼ੀਆਂ ਵਾਸਤੇ ਹੀ ਉਪਲਬੱਧ ਹੈ, ਇਸ ਲਈ ਬਹੁਤ ਸਾਰੇ ਉਸਾਰੀ ਕਿਰਤੀ ਇਸ ਸਕੀਮ ਅਧੀਨ ਕਵਰ ਨਹੀਂ ਹੁੰਦੇ। ਇਸ ਮੁੱਦੇ ਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਇਕ ਸਕੀਮ ਤਿਆਰ ਕੀਤੀ ਗਈ ਹੈ, ਜਿਸ ਦੇ ਤਹਿਤ ਜੇਕਰ ਉਸਾਰੀ ਕਿਰਤੀ ਮਕਾਨ ਦੀ ਉਸਾਰੀ ਲਈ ਬੈਂਕ ਪਾਸੋਂ ਲੋਨ ਲੈਂਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਉਸ ਵਲੋਂ ਬੈਂਕ ਪਾਸੋਂ ਲੋਨ ਵਜੋਂ ਲਈ ਰਕਮ ਵਿਚੋਂ ਇਕ ਲੱਖ ਰੁਪਏ ਤੱਕ ਦੀ ਰਾਸ਼ੀ ਤੇ 6% ਸਾਲਾਨਾ ਵਿਆਜ ਦਰ ਦੀਆਂ ਕਿਸ਼ਤਾਂ ਜਿਸ ਦੀ ਵੱਧ ਤੋਂ ਵੱਧ ਸੀਮਾ 50000/- ਰੁਪਏ ਤੱਕ ਹੋਵੇਗੀ, ਦੀ ਅਦਾਇਗੀ ਬੋਰਡ ਵਲੋਂ ਸਹਾਇਤਾ ਵਜੋਂ ਕੀਤੀ ਜਾਵੇਗੀ। ਮੈਂਬਰ ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ ਇਸ ਸਬੰਧੀ ਸਕੀਮ ਤਿਆਰ ਕਰਕੇ ਸਰਕਾਰ ਨੂੰ ਪੂਰਵ ਪ੍ਰਵਾਨਗੀ ਲਈ ਭੇਜੀ ਹੋਈ ਹੈ ਅਤੇ ਸਰਕਾਰ ਦੀ ਪ੍ਰਵਾਨਗੀ ਉਪਰੰਤ ਇਸ ਬਾਰੇ ਅਜੰਡਾ ਆਈਟਮ ਬੋਰਡ ਦੀ ਮੀਟਿੰਗ ਵਿਚ ਮਨਜੂਰੀ ਲਈ ਪੇਸ਼ ਕੀਤੀ ਜਾਵੇਗੀ।

ਇਸ ਮੋਕੇ ਤੇ ਸ੍ਰੀ ਮਨਮੋਹਨ ਸਿੰਘ, ਪ੍ਰਤਿਨਿਧ ਸਥਾਨਕ ਸਰਕਾਰ ਵਿਭਾਗ ਵਲੋਂ ਦੱਸਿਆ ਗਿਆ ਕਿ ਉਨ੍ਹਾਂ ਪਾਸ ਕਿਰਤੀਆਂ ਵਾਸਤੇ ਮਕਾਨ ਉਸਾਰੀ ਸਬੰਧੀ ਹੋਰ ਵੀ ਸਕੀਮਾਂ ਹਨ ਜਿਨ੍ਹਾਂ ਦੇ ਤਹਿਤ ਕੇਂਦਰ ਸਰਕਾਰ ਵਲੋਂ ਗ੍ਰਾਂਟ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਸੁਝਾ ਦਿੱਤਾ ਕਿ ਬੇਹਤਰ ਹੋਵੇਗਾ ਕਿ ਇਨ੍ਹਾਂ ਸਕੀਮਾਂ ਦੀ ਸਟੱਡੀ ਵੀ ਕਰ ਲਈ ਜਾਵੇ। ਇਸ ਸਬੰਧ ਵਿੱਚ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਸ੍ਰੀ ਮਨਮੋਹਨ ਸਿੰਘ ਜੀ ਪਾਸੋਂ ਸਕੀਮਾਂ ਦੀ ਕਾਪੀਆਂ ਪ੍ਰਾਪਤ ਕਰਕੇ ਉਨ੍ਹਾਂ ਪਾਸ ਉਪਲਬਧ ਕਰਵਾਈਆਂ ਜਾਣ। ਬੋਰਡ ਵਲੋਂ ਪ੍ਰਮੁੱਖ ਸਕੱਤਰ ਕਿਰਤ ਜੀ ਦੇ ਸੁਝਾਓ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

12ਵੀਂ ਮੀਟਿੰਗ ਅਜੰਡਾ ਆਈਟਮ ਨੰ:3 — **ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬਚਿਆਂ ਨੂੰ ਵਜੀਫਾ ਸਕੀਮ ਅਧੀਨ, ਵਜੀਫੇ ਦੇ ਨਾਲ ਯੂਨੀਫਾਰਮ ਅਲਾਂਉਸ/ ਐਜੂਕੇਸ਼ਨ ਅਲਾਉਂਸ (ਕਿਤਾਬਾਂ ਅਤੇ ਸਟੇਸ਼ਨੀ ਅਲਾਉਂਸ) ਦੇਣ ਬਾਰੇ ਸਕੀਮ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਜਿਹੜੇ ਲਾਭਪਾਤਰੀ ਉਸਾਰੀ ਕਿਰਤੀ ਦੇ ਬੱਚੇ ਬੋਰਡ ਦੀ ਵਜੀਫਾ ਸਕੀਮ ਅਧੀਨ ਵਜੀਫਾ ਲੈ ਰਹੇ ਹਨ, ਉਨ੍ਹਾਂ ਨੂੰ ਵਜੀਫੇ ਦੀ ਨਿਰਧਾਰਿਤ ਰਾਸ਼ੀ ਤੋਂ ਇਲਾਵਾ, ਹੇਠ ਲਿਖੀਆਂ ਦਰਾਂ ਅਨੁਸਾਰ ਯੂਨੀਫਾਰਮ/ ਐਜੂਕੇਸ਼ਨ ਅਲਾਉਂਸ (ਕਿਤਾਬਾਂ ਅਤੇ ਸਟੇਸ਼ਨਰੀ ਲਈ ਅਲਾਉਂਸ) ਵੀ ਦਿਤਾ ਜਾਵੇਗਾ:-

| ਲੜੀ ਨੰ: | ਕਲਾਸ | ਯੂਨੀਫਾਰਮ/ ਐਜੂਕੇਸ਼ਨ ਅਲਾਉਂਸ (ਕਿਤਾਬਾਂ ਅਤੇ ਸਟੇਸ਼ਨਰੀ ਅਲਾਉਂਸ) | |
|---|---|---|---|
| 1 | ਪਹਿਲੀ ਕਲਾਸ ਤੋਂ 5ਵੀਂ ਕਲਾਸ ਲਈ | 800/- ਰੁਪਏ ਪ੍ਰਤੀ ਸਾਲ | ਯੂਨੀਫਾਰਮ ਅਲਾਉਂਸ |
| 2 | ਛੇਵੀਂ ਕਲਾਸ ਤੋਂ ਅਠਵੀਂ ਕਲਾਸ ਲਈ | 1000/- ਰੁਪਏ ਪ੍ਰਤੀ ਸਾਲ | ਯੂਨੀਫਾਰਮ ਅਲਾਉਂਸ |
| 3 | 9ਵੀਂ, 10ਵੀਂ, +1, ਅਤੇ +2 | 1000/- ਰੁਪਏ ਪ੍ਰਤੀ ਸਾਲ | ਯੂਨੀਫਾਰਮ ਅਲਾਉਂਸ |
| 4 | ਕਾਲਜ ਵਿਦਿਆਰਥੀ (ਹਰ ਤਰਾਂ ਦੀ ਗ੍ਰੈਜੂਏਸ਼ਨ/ ਪੋਸਟ ਗ੍ਰੈਜੂਏਸ਼ਨ) | 4000/- ਰੁਪਏ ਪ੍ਰਤੀ ਸਾਲ | ਕਿਤਾਬਾਂ ਅਤੇ ਸਟੇਸ਼ਨਰੀ ਲਈ ਅਲਾਉਂਸ |
| 5 | ਆਈ.ਟੀ.ਆਈ/ ਪਾਲੀਟੈਕਨਿਕ ਵਿੱਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ, ਏ.ਐਨ.ਐਮ/ ਜੀ.ਐਨ.ਐਮ ਕੋਰਸ | | |
| 6 | ਮੈਡੀਕਲ/ ਇੰਜੀਨਿਅਰਿੰਗ (ਹਰ ਤਰਾਂ ਦੀ ਮੈਡੀਕਲ/ ਇੰਜੀਨਿਅਰਿੰਗ ਡਿਗਰੀ ਪੜਾਈ | 8,000/- ਰੁਪਏ ਪ੍ਰਤੀ ਸਾਲ | ਕਿਤਾਬਾਂ ਅਤੇ ਸਟੇਸ਼ਨਰੀ ਲਈ ਅਲਾਉਂਸ |

ਇਸ ਮੋਕੇ ਤੇ ਸ੍ਰੀ ਰਮੇਸ਼ ਸ਼ਰਮਾ ਮੈਂਬਰ ਵਲੋਂ ਬੋਰਡ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਵਜੀਫਾ ਸਕੀਮ ਅਧੀਨ ਵਜੀਫੇ ਦੀ ਰਕਮ ਦਾ ਲਾਭ ਸਾਲ ਬਾਦ ਦਿਤਾ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਲਾਭਪਾਤਰੀਆਂ ਦੀ ਮਾਲੀ ਹਾਲਤ ਕਮਜੋਰ ਹੁੰਦੀ ਹੈ, ਜਿਸ ਕਾਰਣ ਉਹ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਨਹੀਂ ਉਠਾ ਸਕਦੇ ਅਤੇ ਜੇਕਰ ਉਨ੍ਹਾਂ ਨੂੰ ਵਜੀਫੇ ਦੀ ਰਾਸ਼ੀ ਤਿਮਾਹੀ ਤੋਰ ਤੇ ਰਿਲੀਜ ਕੀਤੀ ਜਾਵੇ ਤਾਂ ਇਸ ਨਾਲ ਉਨ੍ਹਾਂ ਦੀ ਮਦਦ ਹੋ ਸਕਦੀ ਹੈ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਜੇਕਰ ਰਕਮ online ਜਮਾਂ ਹੋ ਸਕਦੀ ਹੈ ਤਾਂ ਇਹ ਰਕਮ ਤਿਮਾਹੀ ਤੋਰ ਤੇ ਜਮਾਂ ਕਰਵਾਈ ਜਾਵੇ। ਇਸ ਨਾਲ ਬੋਰਡ ਵਲੋਂ ਸਹਿਮਤੀ ਦਿਤੀ ਗਈ।

**12ਵੀਂ ਮੀਟਿੰਗ ਅਜੰਡਾ ਆਈਟਮ ਨੰ: 4** — **ਮੋਹਾਲੀ ਵਿਖੇ ਫੇਸ-10 ਵਿੱਚ ਖਾਲੀ ਪਲਾਟ ਤੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਕਰਨ ਲਈ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਕਰਜਾ ਦੇਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਫੇਜ-10 ਮੋਹਾਲੀ ਵਿਖੇ ਅਪਣੇ ਖਾਲੀ ਪਲਾਟ ਤੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਕਰਨ ਲਈ 10 ਕਰੋੜ ਰੁਪਏ ਦੀ ਰਾਸ਼ੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਕਰਜੇ ਦੇ ਰੂਪ ਵਿਚ ਦੇਣ ਦੀ ਪ੍ਰਵਾਨਗੀ ਦਿਤੀ ਗਈ:-

1) ਇਹ ਕਰਜਾ ਸਿਰਫ ਵਿਸ਼ੇ ਅਧੀਨ ਦਰਜ਼ ਬਿਲਡਿੰਗ ਦੀ ਉਸਾਰੀ ਲਈ ਹੀ ਦਿਤਾ ਜਾਵੇਗਾ ਅਤੇ ਇਸ ਦੀ ਹੋਰ ਕਿਸੇ ਵੀ ਰੂਪ ਵਿਚ ਵਰਤੋਂ ਨਹੀਂ ਕੀਤੀ ਜਾਵੇਗੀ।
2) ਪੰਜਾਬ ਲੇਬਰ ਵੈਲਫੇਅਰ ਬੋਰਡ ਪਾਸੋਂ ਕਰਜੇ ਦੀ ਕਿਸ਼ਤ ਉਤੇ ਉਸ ਦਰ ਨਾਲ ਵਿਆਜ ਦੀ ਵਸੂਲੀ ਕੀਤੀ ਜਾਵੇਗੀ ਜੋ ਕਿ ਕਿਸ਼ਤ ਦੀ ਅਦਾਇਗੀ ਸਮੇਂ ਸਟੇਟ ਬੈਂਕ ਆਫ ਇੰਡੀਆ ਵਲੋਂ ਅਜਿਹੀ ਰਕਮ ਅਤੇ ਅਵਧੀ ਨੂੰ ਮੁੱਖ ਰੱਖਕੇ ਉਸਾਰੀ ਕਰਜੇ ਦੀ ਰਕਮ ਉਤੇ ਵਸੂਲਿਆ ਜਾਂਦਾ ਹੋਵੇ।
3) ਕਰਜੇ ਦੀ ਵਾਪਸੀ ਕਰਜੇ ਦੀ ਆਖਰੀ ਕਿਸ਼ਤ ਅਦਾ ਕਰਨ ਤੋਂ 6 ਮਹੀਨੇ ਬਾਅਦ ਸ਼ੁਰੂ ਹੋਵੇਗੀ ਜੋ ਹਰ ਮਹੀਨੇ ਦੀ 10 ਤਰੀਕ ਤਕ ਅਦਾ ਕੀਤੀ ਜਾਵੇਗੀ।
4) ਇਹ ਕਰਜਾ 15 ਸਾਲਾਂ ਵਿਚ ਵਾਪਸ ਕੀਤਾ ਜਾਵੇਗਾ ਜਿਸ ਦੀ EMI ਪ੍ਰਤੀ ਮਹੀਨਾ ਤਹਿ ਕੀਤੀ ਜਾਵੇਗੀ।
5) ਕਿਉਂਕਿ ਇਹ ਕਰਜਾ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਦਿਤਾ ਜਾਣਾ ਹੈ, ਇਸ ਲਈ ਇਸ ਬਿਲਡਿੰਗ ਵਿਚ Punjab Building and Other Construction Workers Welfare Board ਲਈ ਵੀ ਇਕ ਫਲੋਰ ਅਲਾਟ ਕੀਤੀ ਜਾਵੇਗੀ ਜਿਸ ਵਿਚ ਪੰਜਾਬ ਬੀ.ਓ.ਸੀ.ਡਬਲਿਊ ਬੋਰਡ ਵਲੋਂ ਅਪਣੇ ਦਫਤਰ ਖੋਲ੍ਹੇ ਜਾਣਗੇ।
6) ਕਿਉਂਕਿ ਇਹ ਜਗ੍ਹਾਂ ਪੰਜਾਬ ਲੇਬਰ ਵੈਲਫੇਅਰ ਬੋਰਡ ਦੀ ਹੈ, ਇਸ ਲਈ PWD ਵਿਭਾਗ ਵਲੋਂ ਨਿਰਧਾਰਤ ਰੇਟਾਂ ਅਨੁਸਾਰ ਲੀਜ/ਰੈਂਟ ਬੇਸਿਜ ਤੇ BOCW Board ਨੂੰ ਇਹ ਜਗ੍ਹਾਂ ਕਿਰਾਏ ਤੇ ਦਿਤੀ ਜਾਵੇਗੀ।
7) ਪੰਜਾਬ ਬੀ.ਓ.ਸੀ.ਡਬਲਿਯੂ ਬੋਰਡ ਵਲੋਂ ਅਦਾ ਕੀਤੇ ਜਾਣ ਵਾਲੇ ਮਾਸਿਕ ਕਿਰਾਏ ਨੂੰ ਪੰਜਾਬ ਲੇਬਰ ਵੈਲਫੇਅਰ ਬੋਰਡ ਦੁਆਰਾ ਅਦਾ ਕੀਤੀ ਜਾਣ ਵਾਲੀ ਮੂਲਧੰਨ/ਵਿਆਜ ਦੀ ਮਾਸਿਕ ਕਿਸ਼ਤ ਵਿਚ ਅਡਜਸਟ ਕੀਤਾ ਜਾਵੇਗਾ।

ਇਹ ਕਰਜਾ ਪੰਜਾਬ ਲੇਬਰ ਵੈਲਫੇਅਰ ਬੋਰਡ ਨੂੰ ਹੇਠ ਲਿਖੇ ਅਨੁਸਾਰ 7 ਕਿਸ਼ਤਾਂ ਵਿਚ ਅਦਾ ਕੀਤਾ ਜਾਵੇਗਾ:-

| | |
|---|---|
| 1. ਬੇਸਮੈਂਟ ਦੀ ਖੁਦਾਈ ਪੂਰੀ ਹੋਣ ਉਪਰੰਤ | 10% ਰਾਸ਼ੀ |
| 2. ਬੇਸਮੈਂਟ ਦੀ ਛੱਤ ਪੂਰੀ ਹੋਣ ਉਪਰੰਤ | 15% ਰਾਸ਼ੀ |
| 3. ਗਰਾਉਂਡ ਫਲੋਰ ਦੀ ਛੱਤ ਪੂਰੀ ਹੋਣ ਉਪਰੰਤ | 15% ਰਾਸ਼ੀ |
| 4. ਪਹਿਲੀ ਮੰਜਿਲ ਦੀ ਛੱਤ ਪੂਰੀ ਹੋਣ ਉਪਰੰਤ | 15% ਰਾਸ਼ੀ |
| 5. ਦੂਜੀ ਮੰਜਿਲ ਦੀ ਛੱਤ ਪੂਰੀ ਹੋਣ ਉਪਰੰਤ | 15% ਰਾਸ਼ੀ |
| 6. ਤੀਜੀ ਮੰਜਿਲ ਦੀ ਛੱਤ ਪੂਰੀ ਹੋਣ ਉਪਰੰਤ | 15% ਰਾਸ਼ੀ |
| 7. ਬਿਲਡਿੰਗ ਦੀ ਉਸਾਰੀ ਮੁੰਕਮਲ ਹੋਣ ਉਪਰੰਤ | 15% ਰਾਸ਼ੀ |

**12ਵੀਂ ਮੀਟਿੰਗ ਅਜੰਡਾ ਆਈਟਮ ਨੰ:5** — **ਬੋਰਡ ਦੇ ਲੇਖਾ ਅਫਸਰ ਅਤੇ ਸੁਪਰਡੈਂਟ ਦੀ ਤਨਖਾਹ ਨਿਰਧਾਰਿਤ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ, ਬੋਰਡ ਵਲੋਂ ਮਿਤੀ 8.3.13 ਨੂੰ ਹੋਈ 8ਵੀਂ ਮੀਟਿੰਗ ਦੋਰਾਨ ਲੇਖਾ ਅਫਸਰ ਦੀ ਤਨਖਾਹ 30,000/- ਪ੍ਰਤਿ ਮਹੀਨਾ ਅਤੇ ਸੁਪਰਡੈਂਟ ਦੀ ਤਨਖਾਹ 25,000/- ਕਰਨ ਸਬੰਧੀ ਲਏ ਫੈਸਲੇ ਦੀ ਪੁਸ਼ਟੀ ਕੀਤੀ ਗਈ। ਨਾਲ ਹੀ ਇਹ ਫੈਸਲਾ ਲਿਆ ਗਿਆ ਕਿ ਭਵਿੱਖ ਵਿਚ ਇਨ੍ਹਾਂ ਦੋਨੋ ਅਧਿਕਾਰੀਆਂ ਵਲੋਂ ਡਰਾ ਕੀਤੀ ਜਾ ਰਹੀ ਤਨਖਾਹ ਵਿੱਚ ਹਰ ਸਾਲ 5% ਸਾਲਾਨਾ ਦਰ ਨਾਲ ਬੜ੍ਹੋਤਰੀ ਕੀਤੀ ਜਾਵੇਗੀ।

**12ਵੀਂ ਮੀਟਿੰਗ ਅਜੰਡਾ ਆਈਟਮ ਨੰ:6**　　**ਐਕਸਗ੍ਰੇਸ਼ੀਆ ਸਕੀਮ ਵਿਚ ਸੋਧ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਬੋਰਡ ਵਲੋਂ ਪੰਜਾਬ ਮੰਡੀਕਰਣ ਬੋਰਡ ਅਤੇ ਪੰਜਾਬ ਬੀ.ਓ.ਸੀ.ਡਬਲਿਯੂ ਬੋਰਡ ਦੀਆਂ ਸਕੀਮਾਂ ਅਧੀਨ ਹਾਦਸੇ ਜਾਂ ਨਕਾਰਾਪਣ ਦੇ ਕੇਸਾਂ ਵਿਚ ਦਿਤੀ ਜਾ ਰਹੀ ਵਿਤੀ ਸਹਾਇਤਾ/ ਐਕਸਗ੍ਰੇਸ਼ੀਆ ਰਕਮ ਦੀ ਤੁਲਨਾਤਮਕ ਸਟੱਡੀ ਕੀਤੀ ਗਈ ਅਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਪੰਜਾਬ ਬੀ.ਓ.ਸੀ. ਬੋਰਡ ਦੇ ਲਾਭਪਾਤਰੀਆਂ ਦੀ ਮੌਤ/ ਪੂਰਣ ਅਪੰਗਤਾ ਅਤੇ ਆਂਸ਼ਕ ਅਪੰਗਤਾ ਦੇ ਕੇਸਾਂ ਵਿਚ ਹੇਠ ਲਿਖੇ ਅਨੁਸਾਰ ਐਕਸਗ੍ਰੇਸ਼ੀਆ ਸਕੀਮ ਪ੍ਰਵਾਨ ਕੀਤੀ ਗਈ:-

| **ਲੜੀ ਨੰ:** | **ਹਾਦਸੇ ਦੀ ਕਿਸਮ** | **ਐਕਸਗਰੇਸ਼ੀਆ ਦੀ ਰਕਮ** |
|---|---|---|
| **ੳ)** | ਮੌਤ/ ਪੂਰਣ (100%) ਅਪੰਗਤਾ ਦੀ ਸੂਰਤ ਵਿੱਚ | 1.00 ਲੱਖ ਰੁਪਏ |
| **ਅ)** | ਆਂਸ਼ਕ ਅਪੰਗਤਾ ਦੀ ਸੂਰਤ ਵਿੱਚ | ਅਪੰਗਤਾ ਦੀ ਸੂਰਤ ਵਿੱਚ ਲਾਭਪਾਤਰੀ ਨੂੰ 100% ਅਪੰਗਤਾ ਵਜੋਂ 1.00 ਲੱਖ ਰੁਪਏ ਅਤੇ ਬਾਕੀ ਦੇ ਕੇਸਾਂ ਵਿੱਚ ਅਪੰਗਤਾ ਦੀ ਪ੍ਰਤੀਸ਼ਤਤਾ ਦੇ ਅਧਾਰ ਤੇ ਐਕਸਗ੍ਰੇਸ਼ੀਆ ਦੀ ਰਾਸ਼ੀ ਦਿਤੀ ਜਾਵੇਗੀ। ਉਦਾਹਰਣ ਦੇ ਤੋਰ ਤੇ 65%, 42%, 17%, 7% ਆਦਿ ਅਪੰਗਤਾ ਦੀ ਸੂਰਤ ਵਿੱਚ ਲਾਭਪਾਤਰੀ ਕ੍ਰਮਵਾਰ ਰੁ. 65,000/-, ਰੁ. 42,000/-, ਰੁ. 17,000/-, ਰੁ. 7,000/- ਆਦਿ ਬਤੋਰ ਐਕਸਗ੍ਰੇਸ਼ੀਆ ਪ੍ਰਾਪਤ ਕਰਨ ਦੇ ਹਕਦਾਰ ਹੋਣਗੇ। |

**ਸ਼ਰਤਾਂ:-**

1) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਹੋਣ ਤੇ ਪੰਜਾਬ ਬੀ.ਓ.ਸੀ ਵਰਕਰਜ਼ ਰੂਲਜ਼ 2008 ਦੇ ਰੂਲ 2(t) ਵਿਚ 'ਫੈਮਲੀ' ਦੀ ਪਰੀਭਾਸ਼ਾ ਜੋ ਹੇਠ ਪ੍ਰਕਾਰ ਹੈ, ਵਿਚ ਦਸੇ ਪਰਿਵਾਰ ਦੇ ਮੈਂਬਰ ਇਹ ਰਕਮ 'ਐਕਸਗ੍ਰੇਸ਼ੀਆ' ਵਜੋਂ ਲੈਣ ਦੇ ਹੱਕਦਾਰ ਹੋਣਗੇ:-

    **"Family" means the husband or wife, minor sons (including major sons who are insane or physically handicapped and unable to earn), unmarried daughters and the parents of the building worker, who are solely dependant on him".**

2) ਪੰਜੀਕ੍ਰਿਤ ਲਾਭਪਾਤਰੀ ਦੀ ਮੌਤ ਸਬੰਧੀ ਸਰਟੀਫਿਕੇਟ ਰਜਿਸਟ੍ਰਾਰ ਜਨਮ/ਮੌਤ ਤੋਂ ਲੈਕੇ ਅਰਜੀ ਦੇ ਨਾਲ ਲਗਾਉਣਾ ਜਰੂਰੀ ਹੋਵੇਗਾ।

3) ਅਪੰਗਤਾ ਦੀ ਪ੍ਰਤੀਸ਼ਤਤਾ ਦਾ ਸਰਟੀਫਿਕੇਟ ਸਿਵਲ ਸਰਜਨ ਦੇ ਦਫਤਰ ਤੋਂ ਲੈਕੇ ਅਰਜੀ ਦੇ ਨਾਲ ਲਗਾਉਣਾ ਜਰੂਰੀ ਹੋਵੇਗਾ।

**ਨੋਟ**

**ਜੇਕਰ ਲਾਭਪਾਤਰੀ 'ਈ.ਐਸ.ਆਈ' ਅਧੀਨ ਲਾਭ ਲੈ ਰਿਹਾ ਹੋਵੇ ਤਾਂ ਉਹ ਐਕਸਗ੍ਰੇਸ਼ੀਆ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੋਵੇਗਾ।**

| | |
|---|---|
| **12ਵੀਂ ਮੀਟਿੰਗ ਅਜੰਡਾ ਆਈਟਮ ਨੰ: 7** | **ਬੋਰਡ ਵਿੱਚ ਨਿਯੁਕਤ ਪ੍ਰੋਜੈਕਟ ਡਾਇਰੈਕਟਰ-ਕਮ-ਟੈਕਨੀਕਲ ਐਡਵਾਈਜ਼ਰ ਦੇ ਨਾਲ ਸਟਾਫ ਮੁਹੱਈਆ ਕਰਾਉਣ ਸਬੰਧੀ ਕਾਰਜ-ਬਾਦ ਪ੍ਰਵਾਨਗੀ ਬਾਰੇ।** |

ਬੋਰਡ ਵਲੋਂ ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਪ੍ਰਾਜੈਕਟ ਡਾਇਰੈਕਟਰ-ਕਮ-ਟੈਕਨੀਕਲ ਐਡਵਾਈਜਰ ਦੇ ਨਾਲ ਜਿਹੜੇ ਸਟਾਫ ਭਾਵ ਸਟੈਨੋਗ੍ਰਾਫਰ-1, ਸਹਾਇਕ ਕੰਪਿਊਟਰ ਉਪਰੇਟਰ-1 ਅਤੇ ਸੇਵਾਦਾਰ-1 ਦੀ ਨਿਰਧਾਰਤ ਯੋਗਤਾਵਾਂ ਅਨੁਸਾਰ ਨਿਯੁਕਤੀ ਕਰਨ ਲਈ ਮਾਨਯੋਗ ਚੇਅਰਮੈਨ ਬੋਰਡ ਜੀ ਵਲੋਂ ਮਿਤੀ 3.12.2013 ਨੂੰ ਪ੍ਰਵਾਨਗੀ ਦਿਤੀ ਗਈ ਸੀ, ਬੋਰਡ ਵਲੋਂ ਇਨ੍ਹਾਂ ਅਸਾਮੀਆਂ ਦੀ ਅਜੰਡੇ ਵਿਚ ਨਿਰਧਾਰਤ ਯੋਗਤਾਵਾਂ ਅਨੁਸਾਰ ਰਚਨਾ ਦੀ ਕਾਰਜ ਬਾਦ ਪ੍ਰਵਾਨਗੀ ਦਿਤੀ ਗਈ।

| | |
|---|---|
| **12ਵੀਂ ਮੀਟਿੰਗ ਅਜੰਡਾ ਆਈਟਮ ਨੰ: 8** | **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਕਲਾਸ ਤੱਕ ਪੜ੍ਹਾਈ ਦੌਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ।** |

ਇਸ ਅਜੰਡਾ ਆਈਟਮ ਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਕਲਾਸ ਤੱਕ ਪੜ੍ਹਾਈ ਦੌਰਾਨ ਬੋਰਡ ਵਲੋਂ ਸਾਈਕਲ ਖਰੀਦਣ ਲਈ 'ਸਾਈਕਲ ਸਕੀਮ' ਨਿਮਨ-ਲਿਖਿਤ ਸ਼ਰਤਾਂ ਅਨੁਸਾਰ ਪ੍ਰਵਾਨ ਕੀਤੀ ਗਈ:-

1. ਇਸ ਸਕੀਮ ਦਾ ਲਾਭ ਲੈਂਣ ਲਈ ਲਾਭਪਾਤਰੀ ਘੱਟੋਂ-ਘੱਟ ਇਕ ਸਾਲ ਤੋਂ ਬੋਰਡ ਦਾ ਮੈਂਬਰ ਹੋਣਾ ਚਾਹੀਦਾ ਹੈ।
2. ਲਾਭਪਾਤਰੀ ਅਪਣੀ ਅੰਸ਼ਦਾਨ ਦੀ ਰਾਸ਼ੀ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।
3. ਇਹ ਲਾਭ 'ਲਾਭਪਾਤਰੀ' ਕਿਰਤੀ ਦੇ ਉਸੇ ਬੱਚੇ ਨੂੰ ਦਿਤਾ ਜਾਵੇਗਾ ਜ਼ੋ ਕਿ ਪੰਜਾਬ ਰਾਜ ਵਿਚ 9ਵੀਂ ਤੋਂ 12ਵੀਂ ਕਲਾਸ ਤੱਕ ਦੀ ਪੜ੍ਹਾਈ ਕਰ ਰਿਹਾ ਹੋਵੇ ਅਤੇ ਬੋਰਡ ਦੀ ਵਜੀਫਾ ਸਕੀਮ ਅਧੀਨ ਵਜੀਫਾ ਪ੍ਰਾਪਤ ਕਰ ਰਿਹਾ ਹੋਵੇ। ਜਿਸ ਲਈ ਉਸ ਨੂੰ ਸਕੂਲ ਦੇ ਹੈਡਮਾਸਟਰ/ਪ੍ਰਿਸੀਪਲ ਤੋਂ ਬੱਚੇ ਦੀ ਪੜ੍ਹਾਈ ਦਾ ਸਬੂਤ ਲੈਕੇ ਅਰਜ਼ੀ ਦੇ ਨਾਲ ਲਗਾਉਂਣਾਂ ਜਰੂਰੀ ਹੋਵੇਗਾ।
4. ਲਾਭਪਾਤਰੀ ਦਾ ਬੱਚਾ 9ਵੀਂ ਤੋਂ 12ਵੀਂ ਕਲਾਸ ਤੱਕ ਦੀ ਪੜ੍ਹਾਈ ਦੌਰਾਨ ਕੇਵਲ ਇਕ ਵਾਰ ਹੀ ਇਸ ਸਕੀਮ ਅਧੀਨ ਫਾਇਦਾ ਉਠਾ ਸਕੇਗਾ।
5. ਕਿਉਂਕਿ ਇਸ ਸਕੀਮ ਅਧੀਨ ਲਾਭ ਲੈਣ ਲਈ ਕੇਵਲ ਉਹ ਹੀ ਬੱਚੇ ਹੱਕਦਾਰ ਹੋਣਗੇ ਜਿਹੜੇ ਬੋਰਡ ਦੀ ਵਜੀਫਾ ਸਕੀਮ ਅਧੀਨ ਵਜੀਫਾ ਪ੍ਰਾਪਤ ਕਰ ਰਹੇ ਹਨ। ਇਸ ਲਈ ਇਸ ਸਕੀਮ ਅਧੀਨ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਵਲੋਂ ਕਿਰਤੀ ਦੀ ਅਰਜੀ ਵੈਰੀਫਿਕੇਸ਼ਨ ਕਰਨ ਉਪਰੰਤ ਸਾਈਕਲ ਵਾਸਤੇ ਵੰਡ ਦੀ ਰਾਸ਼ੀ ਦੀ ਮੰਗ ਸਿਧੀ ਬੋਰਡ ਪਾਸੋਂ ਕੀਤੀ ਜਾਵੇਗੀ ਭਾਵ ਅਜਿਹੀਆਂ ਐਪਲੀਕੇਸ਼ਨਾਂ ਤੇ ਸਬ-ਡਵੀਜਨ ਪੱਧਰ ਤੇ ਪੜਚੋਲ ਕਰਵਾਉਣ ਦੀ ਜਾਂ ਡਿਪਟੀ ਕਮਿਸ਼ਨਰ ਪਾਸੋਂ ਪ੍ਰਵਾਨਗੀ ਲੈਣ ਦੀ ਕੋਈ ਲੋੜ ਨਹੀਂ ਹੋਵੇਗੀ।
6. ਸਾਈਕਲ ਦੀ ਖਰੀਦ ਪੰਜਾਬ ਰਾਜ ਵਿਚ ਹੀ ਕੀਤੀ ਗਈ ਹੋਵੇ ਅਤੇ ਸਬੰਧਤ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਜਾਂ ਲੇਬਰ ਇੰਸਪੈਕਟਰ ਸਾਈਕਲ ਖ੍ਰੀਦ ਕੇ ਸਬੰਧਤ ਲਾਭਪਾਤਰੀ ਨੂੰ ਮੁਹੱਈਆ ਕਰਵਾਉਣਗੇ।
7. ਇਸ ਸਕੀਮ ਅਧੀਨ ਸਾਈਕਲ ਦੀ ਕੀਮਤ, ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੁਆਰਾ ਚਲਾਈ ਜਾ ਰਹੀ 'ਸਾਈਕਲ ਸਕੀਮ' ਅਧੀਨ ਨਿਰਧਾਰਿਤ ਰਾਸ਼ੀ ਨੂੰ ਮੁੱਖ ਰੱਖਦੇ ਹੋਏ ਨਿਸ਼ਚਿਤ ਕੀਤੀ ਜਾਵੇਗੀ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 1** — **ਬੋਰਡ ਨੂੰ 30.4.2009 ਤੋਂ ਟਰਸਟ ਰਜਿਸਟਰਡ ਕਰਵਾਣ ਲਈ ਐਪਲਿਟ ਟ੍ਰਾਈਬਿਊਨਲ ਪਾਸ ਅਪੀਲ ਦਾਇਰ ਕਰਨ ਲਈ ਸੀ.ਏ engage ਕਰਨ ਬਾਰੇ।**

ਬੋਰਡ ਵਲੋਂ ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਆਮਦਨ ਕਰ ਵਿਭਾਗ ਦੇ ਹੁਕਮ ਮਿਤੀ 25.8.10 ਵਿਰੁਧ ਐਪੀਲੈਟ ਟ੍ਰਿਬਿਊਨਲ ਪਾਸ ਅਪੀਲ ਦਾਇਰ ਕਰਨ ਲਈ ਬੋਰਡ ਨੂੰ ਸੀ.ਏ engage ਕਰਨ ਦੀ ਪ੍ਰਵਾਨਗੀ ਦਿੰਦੇ ਹੋਏ ਇਸ ਮੰਤਵ ਲਈ ਸਕੱਤਰ ਬੋਰਡ ਨੂੰ ਅਧਿਕਾਰਿਤ ਕੀਤਾ ਗਿਆ।

## ਵਿਸ਼ੇਸ਼ ਅਜੰਡਾ

**ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਹੇਠ ਲਿਖਿਆ ਮੁੱਦਾ ਮੀਟਿੰਗ ਵਿਚ ਵਿਚਾਰਿਆ ਗਿਆ:-**

"ਵਿਸ਼ਾ:- **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਿਚ PRO (Public Relation Officer) ਦੀ ਅਸਾਮੀ ਦੀ ਰਚਨਾ ਕਰਨ ਬਾਰੇ।"**

ਮੈਂਬਰ ਸਕੱਤਰ ਵਲੋਂ ਮੀਟਿੰਗ ਵਿਚ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਪਾਸੋਂ ਉਪਰੋਕਤ ਵਿਸ਼ੇ ਸਬੰਧੀ ਪ੍ਰਾਪਤ ਨੋਟ ਮਿਤੀ 18.2.2014 ਪੇਸ਼ ਕੀਤਾ ਜਿਸ ਵਿਚ ਮਾਨਯੋਗ ਮੰਤਰੀ ਜੀ ਵਲੋਂ ਦੱਸਿਆ ਗਿਆ ਕਿ ਭਾਵੇਂ ਬੋਰਡ ਵਲੋਂ ਕਿਰਤੀਆਂ ਦੀ ਰਜਿਸਟ੍ਰੇਸ਼ਨ ਅਤੇ ਉਨ੍ਹਾਂ ਨੂੰ ਵਿੱਤੀ ਲਾਭ ਮੁਹੱਈਆ ਕਰਵਾਉਣ ਲਈ ਭਰਪੂਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਫਿਰ ਵੀ ਸਾਰੇ ਉਸਾਰੀ ਕਿਰਤੀਆਂ ਨੂੰ ਇਸ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਮੁਕੰਮਲ ਜਾਣਕਾਰੀ ਨਹੀਂ ਹੈ ਅਤੇ ਇਹ ਵੀ ਮਹਿਸੂਸ ਕੀਤਾ ਗਿਆ ਹੈ ਕਿ ਇਨ੍ਹਾਂ ਸਾਰੀਆਂ ਡਿਵੈਲਪਮੈਂਟ ਬਾਰੇ ਆਮ ਜਨਤਾ ਜਾਣੂ ਨਹੀਂ ਹੈ। ਇਸ ਲਈ ਯੋਗ ਹੋਵੇਗਾ ਕਿ ਬੋਰਡ ਪਾਸ PRO (Public Relation Officer) ਦੀ ਆਸਾਮੀ ਦੀ ਰਚਨਾ ਕੀਤੀ ਜਾਵੇ, ਜਿਸ ਦੁਆਰਾ ਬੋਰਡ ਵਲੋਂ ਅਪਣਾਈਆਂ ਗਈਆਂ ਸਕੀਮਾਂ, ਬੋਰਡ ਦੀਆਂ ਪ੍ਰਾਪਤੀਆਂ ਅਤੇ ਕੇਂਦਰ ਸਰਕਾਰ ਵਲੋਂ ਨਵੇਂ-ਨਵੇਂ ਕਿੱਤਿਆਂ ਨੂੰ ਉਸਾਰੀ ਕਿੱਤਾ ਘੋਸ਼ਿਤ ਕਰਨ ਬਾਰੇ ਆਮ ਜਨਤਾ ਨੂੰ ਸੂਚਿਤ ਕੀਤਾ ਜਾ ਸਕੇ ਤਾਂ ਜ਼ੋ ਆਉਣ ਵਾਲੇ ਸਮੇਂ ਵਿਚ ਪੰਜਾਬ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਉਸਾਰੀ ਕਿਰਤੀਆਂ ਦੀ ਵੱਧ ਤੋਂ ਵੱਧ ਕਵਰੇਜ ਕਰ ਸਕੇ ਅਤੇ ਲੋੜਮੰਦ ਉਸਾਰੀ ਕਿਰਤੀਆਂ ਨੂੰ ਬੋਰਡ ਦੀਆਂ ਸਕੀਮਾਂ ਦੇ ਵਿੱਤੀ ਫਾਇਦੇ ਅਸਰਦਾਰ ਤਰੀਕੇ ਨਾਲ ਪਹੁੰਚਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਜਾ ਸਕੇ।

ਬੋਰਡ ਵਲੋਂ ਇਸ ਮੁੱਦੇ ਤੇ ਵਿਚਾਰ ਕਰਨ ਉਪਰੰਤ ਬੋਰਡ ਵਿਚ ਇਕ PRO (Public Relation Officer) ਦੀ ਅਸਾਮੀ ਦੀ ਰਚਨਾ ਕਰਨ ਦੀ ਪ੍ਰਵਾਨਗੀ ਦਿਤੀ ਗਈ।

ਮੀਟਿੰਗ ਮਾਨਯੋਗ ਚੇਅਰਮੈਨ ਬੋਰਡ ਜੀ ਅਤੇ ਮੈਂਬਰ ਸਾਹਿਬਾਨ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।